Saint Agnes
A Member of Trinity Health

**ਵਿੱਤੀ ਸਹਾਇਤਾ**: Trinity Health ਡਾਕਟਰੀ ਲੋੜ ਦੇ ਅਧਾਰ 'ਤੇ ਉਹਨਾਂ ਸਾਰੇ ਲੋਕਾਂ ਨੂੰ ਦੇਖਭਾਲ, ਇਲਾਜ ਅਤੇ ਸੇਵਾਵਾਂ ਮੁਹੱਈਆ ਕਰਾਉਣ ਲਈ ਵਚਨਬੱਧ ਹੈ ਜੋ ਸਾਡੇ ਕੋਲ ਆਉਂਦੇ ਹਨ।

*ਗਰੀਬੀ ਪੱਧਰ ਬਾਰੇ ਸੰਘੀ ਦਿਸ਼ਾ-ਨਿਰਦੇਸ਼ਾਂ (Federal Poverty Level Guidelines) ਦੀ ਸਮੀਖਿਆ ਇੱਥੇ ਕਰੋ*

## *ਵਿੱਤੀ ਸਹਾਇਤਾ ਨੀਤੀ*

- ਵਿੱਤੀ ਮਦਦ ਤੁਹਾਡੀ ਆਮਦਨ ਦੇ ਅਧਾਰ 'ਤੇ ਮੁਹੱਈਆ ਕਰਾਈ ਜਾਂਦੀ ਹੈ। ਇਸਨੂੰ ਗਰੀਬੀ ਪੱਧਰ ਬਾਰੇ ਸੰਘੀ ਦਿਸ਼ਾ-ਨਿਰਦੇਸ਼ਾਂ ਦੀ ਵਰਤੋਂ ਕਰਕੇ ਪਰਿਭਾਸ਼ਿਤ ਕੀਤਾ ਜਾਂਦਾ ਹੈ।
- ਜੇ ਤੁਸੀਂ ਸੰਘੀ ਗਰੀਬੀ ਪੱਧਰ ਦਾ [200]% ਜਾਂ ਇਸਤੋਂ ਘੱਟ ਕਮਾਉਂਦੇ ਹੋ ਤਾਂ ਤੁਸੀਂ ਪੂਰੀ ਛੋਟ ਪ੍ਰਾਪਤ ਕਰ ਸਕਦੇ ਹੋ। ਇਹ ਡਾਕਟਰੀ ਤੌਰ 'ਤੇ ਲੋੜੀਂਦੀਆਂ ਸੇਵਾਵਾਂ 'ਤੇ ਲਾਗੂ ਹੁੰਦਾ ਹੈ।
- ਜੇ ਤੁਸੀਂ ਸੰਘੀ ਗਰੀਬੀ ਪੱਧਰ ਦੇ [201]% ਅਤੇ [400]% ਵਿਚਕਾਰ ਕਮਾਉਂਦੇ ਹੋ ਤਾਂ ਤੁਹਾਨੂੰ ਅੱਧ-ਪਚੱਧੀ ਛੋਟ ਮਿਲ ਸਕਦੀ ਹੈ।
- Trinity Health ਯੋਗਤਾ ਪੂਰੀ ਕਰਨ ਵਾਲੇ ਮਰੀਜ਼ਾਂ ਤੋਂ Medicare ਛੋਟ ਦਰ ਤੋਂ ਵੱਧ ਖਰਚਾ ਨਹੀਂ ਵਸੂਲੇਗੀ।
- ਤੁਹਾਡੇ ਸਹਿ-ਭੁਗਤਾਨਾਂ, ਸਹਿ-ਬੀਮੇ, ਅਤੇ ਕਟੌਤੀਆਂ 'ਤੇ ਛੋਟ ਮਿਲ ਸਕਦੀ ਹੈ। ਜੇ ਤੁਸੀਂ ਸੰਘੀ ਗਰੀਬੀ ਪੱਧਰ ਦੇ [400]% ਤੋਂ ਘੱਟ ਕਮਾਉਂਦੇ ਹੋ ਤਾਂ ਤੁਸੀਂ ਸਹਾਇਤਾ ਲਈ ਯੋਗ ਹੋ ਸਕਦੇ ਹੋ।
- ਜੇ ਤੁਹਾਨੂੰ ਅਤਿਅੰਤ ਜ਼ਿਆਦਾ ਲਾਗਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਤਾਂ ਤੁਹਾਨੂੰ ਛੋਟਾਂ ਮਿਲ ਸਕਦੀਆਂ ਹਨ। ਅਜਿਹਾ ਉਦੋਂ ਹੁੰਦਾ ਹੈ ਜਦੋਂ ਬੀਤੇ 12 ਮਹੀਨਿਆਂ ਦੇ ਤੁਹਾਡੇ ਡਾਕਟਰੀ ਖਰਚੇ ਤੁਹਾਡੀ ਘਰੇਲੂ ਆਮਦਨ ਦੇ 20% ਤੋਂ ਵੱਧ ਹੁੰਦੇ ਹਨ। ਛੋਟਾਂ ਵਿੱਚ ਤੁਹਾਡੇ ਸਹਿ-ਭੁਗਤਾਨ ਵੀ ਸ਼ਾਮਲ ਹੋ ਸਕਦੇ ਹਨ। ਇਸ ਵਿੱਚ ਸਹਿ-ਬੀਮਾ, ਅਤੇ ਕਟੌਤੀਆਂ ਵੀ ਸ਼ਾਮਲ ਹੋ ਸਕਦੀਆਂ ਹਨ।

ਕਾਸਮੈਟਿਕ ਸਰਜਰੀ ਵਰਗੀਆਂ ਚੋਣਵੀਆਂ ਸੇਵਾਵਾਂ ਵਿੱਤੀ ਸਹਾਇਤਾ ਲਈ ਯੋਗ ਨਹੀਂ ਹੁੰਦੀਆਂ ਹਨ।

ਵਿੱਤੀ ਸਹਾਇਤਾ ਵਾਸਤੇ ਅਪਲਾਈ ਕਰਨ ਲਈ, ਇੱਕ ਐਪਲੀਕੇਸ਼ਨ ਭਰ ਕੇ ਜਮ੍ਹਾ ਕਰਾਓ। Trinity Health ਦੀ ਵਿੱਤੀ ਸਹਾਇਤਾ ਨੀਤੀ ਅਤੇ ਐਪਲੀਕੇਸ਼ਨ ਹਸਪਤਾਲ ਦੇ ਵੈੱਬਪੇਜ Financial Assistance | Saint Agnes Medical Center (samc.com) 'ਤੇ ਉਪਲਬਧ ਹਨ। ਤੁਸੀਂ ਜਿੱਥੋਂ ਦੇਖਭਾਲ ਪ੍ਰਾਪਤ ਕੀਤੀ ਹੈ ਉੱਥੇ ਜਾ ਕੇ, ਡਾਕ ਰਾਹੀਂ ਜਾਂ ਕਾਲ ਕਰਕੇ ਜਾਂ ਫੇਰ Trinity Health Enterprise Patient Financial Services, 20555 Victor Parkway, Livonia, MI 48152 ਨਾਲ, 800-494-5797 'ਤੇ ਟੋਲ ਫ੍ਰੀ ਸੰਪਰਕ ਕਰਕੇ ਨੀਤੀ ਅਤੇ ਐਪਲੀਕੇਸ਼ਨ ਦੀ ਮੁਫ਼ਤ ਕਾਪੀ ਲਈ ਬੇਨਤੀ ਵੀ ਕਰ ਸਕਦੇ ਹੋ।

Trinity Health ਦੀ ਵਿੱਤੀ ਸਹਾਇਤਾ ਨੀਤੀ, ਐਪਲੀਕੇਸ਼ਨ, ਅਤੇ ਅਸਾਨ ਭਾਸ਼ਾ ਵਿੱਚ ਸੰਖੇਪ ਜਾਣਕਾਰੀ ਦਾ ਦੂਜੀਆਂ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ ਹੈ ਅਤੇ ਇਹ ਉੱਪਰ ਦੱਸੇ ਹਸਪਤਾਲ ਜਾਂ ਮਰੀਜ਼ ਵਿੱਤੀ ਸੇਵਾਵਾਂ (Patient Financial Services) ਵਿਭਾਗ ਨਾਲ ਸੰਪਰਕ ਕਰਕੇ ਉਪਲਬਧ ਹਨ।

***ਪ੍ਰੋਵਾਈਡਰ ਸੂਚੀ:*** ਹਸਪਤਾਲ ਦੀ ਸਹੂਲਤ ਵਿੱਚ ਐਮਰਜੈਂਸੀ ਜਾਂ ਡਾਕਟਰੀ ਤੌਰ 'ਤੇ ਜ਼ਰੂਰੀ ਦੇਖਭਾਲ ਮੁਹੱਈਆ ਕਰਾਉਣ ਵਾਲੇ ਪ੍ਰੋਵਾਈਡਰਾਂ, ਜੋ ਹਸਪਤਾਲ ਦੀ ਵਿੱਤੀ ਸਹਾਇਤਾ ਨੀਤੀ ਦੁਆਰਾ ਕਵਰ ਕੀਤੇ ਗਏ ਹਨ, ਦੀ ਸੂਚੀ ਆਨਲਾਈਨ ਜਾਂ ਬੇਨਤੀ ਕਰਨ 'ਤੇ ਉਪਲਬਧ ਹੈ।

***ਛੋਟੀ-ਮਿਆਦ ਅਤੇ ਲੰਮੀ-ਮਿਆਦ ਦੀਆਂ ਭੁਗਤਾਨ ਯੋਜਨਾਵਾਂ:*** ਜੇ ਤੁਸੀਂ ਆਪਣੇ ਹਿੱਸੇ ਦਾ ਭੁਗਤਾਨ ਨਹੀਂ ਕਰ ਸਕਦੇ ਹੋ ਤਾਂ ਤੁਸੀਂ ਛੋਟੀ ਜਾਂ ਲੰਬੀ ਮਿਆਦ ਦੀਆਂ ਭੁਗਤਾਨ ਯੋਜਨਾਵਾਂ ਵਾਸਤੇ ਯੋਗ ਹੋ ਸਕਦੇ ਹੋ। Trinity Health ਦੀ ਛੋਟੀ ਮਿਆਦ ਦੀ ਭੁਗਤਾਨ ਯੋਜਨਾ ਵਿਆਜ ਮੁਕਤ ਹੈ। ਮਰੀਜ਼ਾਂ ਨੂੰ ਇੱਕ ਸਾਲ ਦੇ ਅੰਦਰ-ਅੰਦਰ ਬਕਾਇਆ ਰਕਮ ਦਾ ਭੁਗਤਾਨ ਕਰਨਾ ਪਵੇਗਾ। ਜੇ ਤੁਸੀਂ ਇੱਕ ਸਾਲ ਦੇ ਅੰਦਰ ਕੁੱਲ ਬਕਾਇਆ ਰਕਮ ਦਾ ਭੁਗਤਾਨ ਨਹੀਂ ਕਰ ਸਕਦੇ ਹੋ ਤਾਂ ਤੁਹਾਨੂੰ ਲੰਬੀ-ਮਿਆਦ ਦੀ ਵਿਆਜ-ਸਹਿਤ ਯੋਜਨਾ ਮਿਲ ਸਕਦੀ ਹੈ।

***ਮਰੀਜ਼ ਵਿੱਤੀ ਸੇਵਾਵਾਂ:*** ਤੁਹਾਡੀ ਮਦਦ ਕਰਨ ਲਈ ਵਿੱਤੀ ਸਲਾਹਕਾਰ (Financial counselors) ਉਪਲਬਧ ਹਨ। ਉਹ ਵਿੱਤੀ ਸਹਾਇਤਾ ਦੀਆਂ ਐਪਲੀਕੇਸ਼ਨਾਂ ਨੂੰ ਪੂਰਾ ਕਰਨ ਵਿੱਚ ਤੁਹਾਡੀ ਮਦਦ ਕਰਨਗੇ। ਇਸ ਨਾਲ ਇਹ ਨਿਰਧਾਰਤ ਕੀਤਾ ਜਾ ਸਕੇਗਾ ਕਿ ਕਿਹੜੀ ਸਹਾਇਤਾ ਉਪਲਬਧ ਹੈ। ਇਸ ਵਿੱਚ Medicaid ਲਈ ਯੋਗਤਾ ਦਾ ਮੁਲਾਂਕਣ ਕਰਨਾ ਸ਼ਾਮਲ ਹੈ।

ਤੁਸੀਂ ਉਸ ਜਗ੍ਹਾ ਦੇ ਵਿੱਤੀ ਸਲਾਹਕਾਰ ਨਾਲ ਸੰਪਰਕ ਕਰ ਸਕਦੇ ਹੋ ਜਿੱਥੋਂ ਤੁਹਾਨੂੰ ਦੇਖਭਾਲ ਮਿਲਦੀ ਹੈ। ਵਿੱਤੀ ਸਲਾਹਕਾਰ ਇਹ ਪਤਾ ਲਗਾਉਣ ਵਿੱਚ ਮਦਦ ਕਰ ਸਕਦਾ ਹੈ ਕਿ ਤੁਸੀਂ ਵਿੱਤੀ ਮਦਦ ਲਈ ਯੋਗ ਹੋ ਜਾਂ ਨਹੀਂ। ਵਿੱਤੀ ਸਲਾਹਕਾਰ ਵਿੱਤੀ ਸਹਾਇਤਾ ਨੀਤੀ, ਐਪਲੀਕੇਸ਼ਨ, ਅਤੇ ਅਸਾਨ ਭਾਸ਼ਾ ਵਿੱਚ ਸੰਖੇਪ ਜਾਣਕਾਰੀ ਦੀਆਂ ਮੁਫ਼ਤ ਕਾਪੀਆਂ ਵੀ ਮੁਹੱਈਆ ਕਰਾ ਸਕਦੇ ਹਨ।